www.ajdiawaaz.com

info@ajdiawaaz.com
awaaznewsdesk@gmail.com

# ਅੱਜ ਦੀ ਆਵਾਜ਼

ਕੀਮਤ 2 ਰੁਪਏ

• ਜਲੰਧਰ 17 ਜੁਲਾਈ, 2010 ਸਨਿਚਰਵਾਰ • 2 ਸਾਵਣ ਨਾਨਕਸ਼ਾਹੀ ਸੰਮਤ 542 • ਸਾਲ 26 • ਅੰਕ ਨੰ. 95 •ਟੈਲੀਫੋਨ ਨੰ.0181- 4626370, 2235707, ਫੈਕਸ ਨੰ. : 0181-2225427, 2235427 • Postel Regd. No. PB/0007/09-2011

ਸ਼ਹਿਰ ਤੇ ਆਸ ਪਾਸ
ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਸ਼ਹਾਦਤ ... 3

ਸੰਪਾਦਕੀ
ਹਿੰਦੂ ਅੱਤਵਾਦ ਖਿਲਾਫ ਕਾਰਵਾਈ ਹੋਵੇ 4

ਦੇਸ਼ ਦੁਨੀਆਂ
ਨਰੇਗਾ ਤਹਿਤ ਵਿਕਾਸ ਕਾਰਜਾਂ ਦਾ ਡੀ.ਸੀ. ਨੇ ਲਿਆ ਜਾਇਜ਼ਾ 8

## ਮਾਓਵਾਦੀਆਂ ਪੁਲਿਸ ਥਾਣਾ ਉਡਾਇਆ

ਨਵਰੰਗਪੁਰ, 16 ਜੁਲਾਈ (ਵਿਸ਼ਵ ਵਾਰਤਾ)-ਉੜੀਸਾ ਦੇ ਨਵਰੰਗਪੁਰ ਜ਼ਿਲ੍ਹੇ ਵਿੱਚ ਮਾਓਵਾਦੀਆਂ ਨੇ ਸ਼ਕਤੀਸ਼ਾਲੀ ਧਮਾਕੇ ਨਾਲ ਇੱਕ ਪੁਲਿਸ ਥਾਣੇ ਨੂੰ ਕੱਲ੍ਹ ਰਾਤ ਉਡਾ ਦਿੱਤਾ ਹੈ। ਪੁਲਿਸ ਨੇ ਕਿਹਾ ਕਿ ਇਸ ਹਮਲੇ ਵਿੱਚ ਕੋਈ ਨੁਕਸਾਨ ਜਾਂ ਜ਼ਖਮੀ ਨਹੀਂ ਹੋਇਆ ਹੈ। ਜ਼ਿਲੇ ਦੇ ਐਸ.ਪੀ. ਪ੍ਰਫੁੱਲ ਬਾਰਿਕ ਨੇ ਕਿਹਾ ਕਿ ਮਹਿਲਾ ਸਮੇਤ ਭਾਰੀ ਹਥਿਆਰਾਂ ਨਾਲ ਲੈਸ ਨਕਸਲੀਆਂ ਨੇ ਇੱਥੋਂ ਕਰੀਬ 100 ਕਿਲੋਮੀਟਰ ਦੂਰ ਰਾਏਘਰ ਪ੍ਰਖੰਡ ਸਥਿਤ ਕੁੰਦਈ ਵਿੱਚ ਪ੍ਰਵੇਸ਼ ਕੀਤਾ ਸੀ। ਸ਼ਕਤੀਸ਼ਾਲੀ ਧਮਾਕੇ ਨਾਲ ਉਹਨਾਂ ਨੇ ਪੁਲਿਸ ਥਾਣੇ ਨੂੰ ਉਡਾ ਦਿੱਤਾ। ਬਾਰਿਕ ਨੇ ਕਿਹਾ ਕਿ ਨਕਸਲੀਆਂ ਨੇ ਹਮਲਾ ਸ਼ੁਰੂ ਕਰਨ ਤੋਂ ਪਹਿਲਾਂ ਉਹਨਾਂ ਦੇ ਖੇਤਰ ਦੀ ਬਿਜਲੀ ਦੀ ਸਪਲਾਈ ਕੱਟ ਦਿੱਤੀ। ਮੋਬਾਇਲ ਨੈਟਵਰਕ ਸਮੇਤ ਦੂਰਸੰਚਾਰ ਸੰਪਰਕ ਵੀ ਇਸ ਨਾਲ ਪ੍ਰਭਾਵਿਤ ਹੋਇਆ ਹੈ।

## ਅਨਾਜ ਉਤਪਾਦਨ 'ਚ ਵਾਧਾ ਕਰਨਾ ਜ਼ਰੂਰੀ-ਪਵਾਰ

ਨਵੀਂ ਦਿੱਲੀ, 16 ਜੁਲਾਈ (ਵਿਸ਼ਵ ਵਾਰਤਾ)-ਕੇਂਦਰੀ ਖੇਤੀਬਾੜੀ ਤੇ ਖਪਤਕਾਰ ਮਾਮਲਿਆਂ ਬਾਰੇ ਮੰਤਰੀ ਸ਼੍ਰੀ ਸ਼ਰਦ ਪਵਾਰ ਨੇ ਆਬਾਦੀ ਦੀ ਵੱਧ ਰਹੀ ਮੰਗ ਦਾ ਟਾਕਰਾ ਕਰਨ ਲਈ ਅਨਾਜ ਉਤਪਾਦਨ ਵਿੱਚ ਤੇਜ਼ੀ ਲਿਆਉਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਵਾਧਾ ਸਾਇੰਸ ਤੇ ਤਕਨਾਲੋਜੀ ਦਾ ਇਸਤੇਮਾਲ ਕਰਕੇ ਕੀਤਾ ਜਾ ਸਕਦਾ ਹੈ। ਸ੍ਰੀ ਪਵਾਰ ਨਵੀਂ ਦਿੱਲੀ ਵਿੱਚ ਖੇਤੀਬਾੜੀ ਖੋਜ ਬਾਰੇ ਭਾਰਤੀ ਕੌਂਸਿਲ ਦੇ ਇਨਾਮਵੰਡ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ 'ਤੇ ਸ਼੍ਰੀ ਪਵਾਰ ਨੇ 11 ਵੱਖ-ਵੱਖ ਵਰਗਾਂ ਵਿੱਚ ਪੰਜ ਸੰਸਥਾਵਾਂ, 127 ਵਿਗਿਆਨੀਆਂ ਤੇ ਤਿੰਨ ਕਿਸਾਨਾਂ ਨੂੰ ਸਨਮਾਨਿਤ ਕੀਤਾ।

# ਭਾਰਤ ਵਾਰਤਾ ਲਈ ਤਿਆਰ ਨਹੀਂ ਸੀ-ਕੁਰੈਸ਼ੀ

## ਅਸੀਂ ਗੱਲਬਾਤ ਤੋਂ ਸੰਤੁਸ਼ਟ-ਭਾਰਤ

ਇਸਲਾਮਾਬਾਦ, 16 ਜੁਲਾਈ (ਵਿਸ਼ਵ ਵਾਰਤਾ)- ਭਾਰਤ ਵੱਲੋਂ ਜਿੱਥੇ ਪਾਕਿਸਤਾਨ ਵੱਲ ਦੋਸਤੀ ਦਾ ਹੱਥ ਵਧਾਇਆ ਜਾਂਦਾ ਰਿਹਾ ਹੈ, ਉਥੇ ਪਾਕਿਸਤਾਨ ਵੱਲੋਂ ਹਮੇਸ਼ਾਂ ਹੀ ਆਪਣਾ ਹੱਥ ਪਿੱਛੇ ਕਰਦਾ ਰਿਹਾ ਹੈ। ਭਾਰਤ ਦੇ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਦੇ ਪਾਕਿਸਤਾਨੀ ਦੌਰੇ ਨੂੰ ਉਸ ਨੇ ਇਹ ਕਹਿ ਕੇ ਅਸਫ਼ਲ ਕਰਾਰ ਦਿੱਤਾ ਹੈ ਕਿ ਭਾਰਤ ਵੱਲੋਂ ਇਸ ਦੌਰੇ ਲਈ ਤਿਆਰੀ ਨਹੀਂ ਕੀਤੀ ਗਈ ਸੀ। ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਦੋਸ਼ ਲਾਇਆ ਹੈ ਕਿ ਭਾਰਤ ਨੇ ਵਾਰਤਾ ਲਈ ਤਿਆਰੀ ਨਹੀਂ ਕੀਤੀ ਸੀ। ਇਸ ਲਈ ਇਹ ਵਾਰਤਾ ਬੇਸਿੱਟਾ ਹੋ ਗਈ। ਕੁਰੈਸ਼ੀ ਦਾ ਇਹ ਬਿਆਨ ਭਾਰਤੀ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਦੇ ਤਿੰਨ ਦਿਵਸੀ ਦੌਰੇ ਤੋਂ ਭਾਰਤ ਪਰਤਣ ਤੋਂ ਬਾਅਦ ਆਇਆ। ਸ਼ਾਹ ਮਹਿਮੂਦ ਕੁਰੈਸ਼ੀ ਨੇ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਭਾਰਤ 'ਤੇ ਦੋਸ਼ ਲਾਇਆ ਕਿ ਉਹ ਗੱਲਬਾਤ ਲਈ ਬਿਨਾਂ ਤਿਆਰੀ ਤੋਂ ਹੀ ਆ ਗਿਆ ਸੀ। ਕੁਰੈਸ਼ੀ ਨੇ ਕਿਹਾ ਕਿ ਸਿਰਫ ਭਾਰਤ ਦੇ ਪ੍ਰਸਤਾਵ ਦੇ ਅਨੁਸਾਰ ਹੀ ਗੱਲਬਾਤ ਅੱਗੇ ਨਹੀਂ ਵਧ ਸਕੀ। ਉਨ੍ਹਾਂ ਕਿਹਾ ਕਿ ਭਾਰਤ ਨੂੰ ਪਾਕਿਸਤਾਨ ਦੇ ਕਾਨੂੰਨ ਨੂੰ ਸਮਝਣਾ ਚਾਹੀਦਾ ਹੈ ਅਤੇ ਪਾਕਿਸਤਾਨ ਵੀ ਭਾਰਤ ਦੀਆਂ ਸਮੱਸਿਆਵਾਂ ਨਾਲ ਜਾਣੂੰ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਹਰ ਮਸਲੇ ਉਤੇ ਗੱਲਬਾਤ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਕੇਵਲ ਉਨ੍ਹਾਂ ਹੀ ਮੁੱਦਿਆਂ 'ਤੇ ਜ਼ਿਆਦਾ ਜ਼ੋਰ ਦਿੰਦੇ ਰਹਾਂਗੇ, ਜਿਨ੍ਹਾਂ ਨੂੰ ਭਾਰਤ ਅਹਿਮੀਅਤ ਦਿੰਦਾ ਹੈ ਅਤੇ ਉਨ੍ਹਾਂ ਨੂੰ ਨਜ਼ਰ ਅੰਦਾਜ਼ ਕਰਾਂਗੇ ਜੋ ਪਾਕਿਸਤਾਨ ਦੀ ਨਜ਼ਰ ਵਿਚ ਅਹਿਮ ਹੈ ਤਾਂ ਮੈਂ ਨਹੀਂ ਸਮਝਦਾ ਕਿ ਦੋਨਾਂ ਦੇਸ਼ਾਂ ਵਿਚਾਲੇ ਗੱਲਬਾਤ ਅੱਗੇ ਵਧ ਸਕੇਗੀ। ਉਨ੍ਹਾਂ ਕਿਹਾ ਕਿ ਗੱਲਬਾਤ ਦੌਰਾਨ ਵਾਰ-ਵਾਰ ਭਾਰਤੀ ਵਿਦੇਸ਼ ਮੰਤਰੀ ਨੂੰ ਨਵੀਂ ਦਿੱਲੀ ਤੋਂ ਵਿਦੇਸ਼ ਮੰਤਰੀ ਨੂੰ ਫੋਨ 'ਤੇ ਵਿਦੇਸ਼ ਨੀਤੀ 'ਤੇ ਨਿਰਦੇਸ਼ ਲੈਣੇ ਪੈਂਦੇ ਸਨ, ਜਦੋਂ ਕਿ ਮੈਨੂੰ ਅਜਿਹੇ ਫੋਨ ਕਾਲ 'ਤੇ ਨਿਰਦੇਸ਼ ਪ੍ਰਾਪਤ ਕਰਨ ਦੀ ਜ਼ਰੂਰਤ ਨਹੀਂ ਸੀ। ਉਨ੍ਹਾਂ ਕਿਹਾ ਕਿ ਭਾਰਤ ਨੂੰ ਇਸ ਗੱਲਬਾਤ ਲਈ ਪੂਰੀ ਤਿਆਰੀ ਨਾਲ ਆਉਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਅਸੀਂ ਗੱਲਬਾਤ ਲਈ ਤਿਆਰ ਹਾਂ। ਅਸੀਂ ਜਲਦਬਾਜ਼ੀ ਨਹੀਂ ਕਰਾਂਗੇ। ਜਦੋਂ ਭਾਰਤ ਗੱਲਬਾਤ ਲਈ ਤਿਆਰ ਹੁੰਦਾ ਹੈ ਤਾਂ ਬੈਠ ਕੇ ਦੋਨਾਂ ਦੇਸ਼ਾਂ ਵਿਚਾਲੇ ਗੱਲਬਾਤ ਹੋ ਸਕਦੀ ਹੈ।

# ਸੁਖਬੀਰ ਬਾਦਲ ਵੱਲੋਂ ਹੜ੍ਹ ਪੀੜਤਾਂ ਨੂੰ ਤੁਰੰਤ ਰਾਹਤ ਦੇ ਹੁਕਮ

✰ ਸੁਖਬੀਰ ਬਾਦਲ ਅਤੇ ਮੁੱਖ ਸਕੱਤਰ ਵੱਲੋਂ ਪਟਿਆਲਾ, ਸੰਗਰੂਰ ਅਤੇ ਭਵਾਨੀਗੜ੍ਹ 'ਚ ਹੜ੍ਹਾਂ ਦੀ ਸਥਿਤੀ ਦਾ ਜਾਇਜ਼ਾ ✰ ਸਰਦੂਲਗੜ੍ਹ ਹਲਕੇ 'ਚ ਦੋ ਹੋਰ ਮੌਤਾਂ

ਚੰਡੀਗੜ੍ਹ, 16 ਜੁਲਾਈ (ਹਰੀਸ਼ ਚੰਦਰ ਬਾਗਾਂਵਾਲਾ)- ਪੰਜਾਬ ਦੇ ਉਪ ਮੁੱਖ ਮੰਤਰੀ ਸ੍. ਸੁਖਬੀਰ ਸਿੰਘ ਬਾਦਲ ਨੇ ਅੱਜ ਹੜ ਪ੍ਰਭਾਵਿਤ ਜ਼ਿਲ੍ਹਿਆਂ ਦੇ ਪ੍ਰਸ਼ਾਸ਼ਨ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਰਾਹਤ ਕਾਰਜਾਂ ਵਿਚ ਹੋਰ ਤੇਜ਼ੀ ਲਿਆਂਦੀ ਜਾਵੇ ਅਤੇ ਸਰਦੂਲਗੜ੍ਹ ਸਮੇਤ ਸਮੂਹ ਪ੍ਰਭਾਵਤ ਇਲਾਕਿਆਂ ਅੰਦਰ ਹੜਾ ਦਾ ਪਾਣੀ ਤੇਜੀ ਨਾਲ ਘਟਣਾ ਸ਼ੁਰੂ ਹੋ ਗਿਆ ਹੈ। ਉਪ ਮੁੱਖ ਮੰਤਰੀ ਨੇ ਖੇਤੀ ਵਿਭਾਗ ਨੂੰ ਵੀ ਹਦਾਇਤ ਕੀਤੀ ਹੈ ਕਿ ਉਹ ਆਪਣੇ ਪ੍ਰਸਾਰ ਸਿਖਿਆ ਨੈਟਵਰਕ ਨੂੰ ਸਰਗਰਮ ਕਰਦਿਆਂ ਕਿਸਾਨਾਂ ਨੂੰ ਫਸਲਾਂ ਦੀ ਮੁੜ ਬਿਜਾਈ ਲਈ ਲੜੀਦਾ ਸਲਾਹ ਮਸ਼ਵਰਾ ਦੇਣ। ਅੱਜ ਸਰਦੂਲਗੜ੍ਹ ਖੇਤਰ ਵਿਚ ਦੋ ਹੋਰ ਮੌਤਾਂ ਦੀ ਖ਼ਬਰ ਨਾਲ ਰਾਜ ਅੰਦਰ ਹੜ੍ਹਾਂ ਦੌਰਾਨ ਮਰਨ ਵਾਲਿਆਂ ਦੀ ਗਿਣਤੀ ਵਧ ਕਿ 25 ਹੋ ਗਈ ਹੈ ਇਸੇ ਦੌਰਾਨ ਉਪ ਮੁੱਖ ਮੰਤਰੀ ਦੇ ਨਿਰਦੇਸ਼ਾ ਤਹਿਤ ਰਾਜ ਦੇ ਮੁੱਖ ਸਕੱਤਰ ਸ੍ਰੀ ਐਸ ਸੀ ਅਗਰਵਾਲ ਨੇ ਪਟਿਆਲਾ , ਸੰਗਰੂਰ ਅਤੇ ਮਾਨਸਾ ਜ਼ਿਲ੍ਹਿਆ ਦੇ ਹੜ ਪ੍ਰਭਾਵਤ ਖੇਤਰਾਂ ਦਾ ਦੌਰਾ ਕਰਕੇ ਮੌਕੇ ਤੇ ਸਥਿਤੀ ਦਾ ☛(ਬਾਕੀ ਸਫਾ 2 'ਤੇ)

## ਕਸ਼ਮੀਰ ਘਾਟੀ ਦੇ ਕੁਝ ਹਿੱਸਿਆਂ 'ਚ ਮੁੜ ਕਰਫਿਊ ਲੱਗਾ

ਸ੍ਰੀਨਗਰ, 16 ਜੁਲਾਈ (ਵਿਸ਼ਵ ਵਾਰਤਾ)-ਕਸ਼ਮੀਰ ਦੇ ਕੁਝ ਹਿੱਸਿਆਂ ਵਿੱਚ ਅੱਜ ਵੱਖਵਾਦੀਆਂ ਵੱਲੋਂ ਮਾਰਚ ਦੀ ਅਪੀਲ ਦੇ ਮੱਦੇਨਜ਼ਰ ਫਿਰ ਕਰਫਿਊ ਲਗਾ ਦਿੱਤਾ ਗਿਆ ਹੈ। ਵੱਖਵਾਦੀਆਂ ਨੇ ਪਿਛਲੇ ਹਫਤੇ ਸੁਰੱਖਿਆ ਬਲਾਂ ਦੀ ਕਥਿਤ ਗੋਲੀਬਾਰੀ ਵਿੱਚ ਦੋ ਲੋਕਾਂ ਦੀ ਮੌਤ ਦੇ ਵਿਰੋਧ ਵਿੱਚ ਮਾਰਚ ਦੀ ਅਪੀਲ ਕੀਤੀ ਸੀ। ਪੁਲਿਸ ਮੁਤਾਬਿਕ ਉਤਰੀ ਕਸ਼ਮੀਰ ਦੇ ਹੰਡਵਾਰਾ ਅਤੇ ਬਾਰਾਮੂਲਾ, ਸ੍ਰੀਨਗਰ ਦੇ ਬਾਹਰੀ ਇਲਾਕੇ ਗੰਦਰਬਲ ਅਤੇ ਸ਼ਹਿਰ ਦੇ ਤਿੰਨ ਹੋਰ ਪੁਲਿਸ ਥਾਣਿਆਂ ਵਿੱਚ ਅੱਜ ਕਰਫਿਊ ਲਗਾ ਦਿੱਤਾ ਗਿਆ ਹੈ। ਉਹਨਾਂ ਦੱਸਿਆ ਕਿ ਘਾਟੀ ਵਿੱਚ ਲਗਭਗ ਹੋਰ ਸਾਰੇ ਹਿੱਸਿਆਂ ਵਿੱਚ ਪਾਬੰਦੀ ਲਾਗੂ ਹੈ। ਸਈਯਦ ਅਲੀ ਸ਼ਾਹ ਗਿਲਾਨੀ ਦੀ ਅਗਵਾਈ ਵਾਲੇ ਹ_ ਰਿ ਅ ਤ ☛(ਬਾਕੀ ਸਫਾ 2 'ਤੇ)

## ਕੈਪਟਨ ਦੇ ਬਿਆਨ ਨਾਲ ਹਰਿਆਣਾ ਵਿੱਚ ਸਿਆਸੀ ਤੂਫਾਨ

ਚੰਡੀਗੜ੍ਹ, 16 ਜੁਲਾਈ (ਹਰੀਸ਼ ਚੰਦਰ ਬਾਗਾਂਵਾਲਾ)- ਪੰਜਾਬ ਦੇ ਹਰਿਆਣਾ ਵਿੱਚ ਆਏ ਹੜ੍ਹਾਂ ਕਾਰਨ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਹੈ। ਲੋਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪ੍ਰੰਤੂ ਰਾਜਸੀ ਪਾਰਟੀਆਂ ਦੇ ਆਗੂ ਬਜਾਏ ਲੋਕਾਂ ਦੀ ਮਦਦ ਕਰਨ ਦੇ ਅਖਬਾਰੀ ਬਿਆਨਬਾਜ਼ੀ ਵਿੱਚ ਉਲਝੇ ਪਏ ਹਨ।

ਬਾਦਲ ਸਰਕਾਰ ਵੱਲੋਂ ਹੜ੍ਹਾਂ ਦੌਰਾਨ ਕੈਪਟਨ ਤੇ ਮਹਿਲ ਵਿੱਚ ਬੈਠੇ ਹੋਣ ਦੇ ਦੋਸ਼ ਲਾਏ ਗਏ ਤਾਂ ਝੱਟ ਕੈਪਟਨ ਨੇ ਚੰਡੀਗੜ੍ਹ ਪ੍ਰੈਸ ਕਾਨਫਰੰਸ ਸੱਦ ਕੇ ਆਪਣਾ ਤੇ ਆਪਣੀ ਪਾਰਟੀ ਦਾ ਪੱਖ ਸਪੱਸ਼ਟ ਕਰਦਿਆਂ ਕਿਹਾ ਕਿ ਮੈਂ ਤੇ ਮੇਰੀ ਪਾਰਟੀ ਦੇ ਵਿਧਾਇਕ ਤਾਂ ਦੌਰਾ ਕਰਦੇ ਫਿਰਦੇ ਹਾਂ ਪਰ ਅਸੀਂ ਅਖਬਾਰ ਵਿੱਚ ਫੋਟੂਆਂ ਨਹੀਂ ਲਵਾਉਂਦੇ।

ਹਾਂਸੀ ਬੁਟਾਣਾ ਨਹਿਰ ਨੂੰ ਹੜ੍ਹਾਂ ਦਾ ਮੁੱਖ ਕਾਰਨ ਦੱਸਣ 'ਤੇ ਕੈਪਟਨ ਦੇ ਬਿਆਨ ਤੇ ਹਰਿਆਣਾ ਕਾਂਗਰਸ ਵਿੱਚ ਵੀ ਤੂਫਾਨ ਆ ਗਿਆ ਹੈ। ਹਰਿਆਣਾ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਫੂਲ ਚੰਦ ਮੁਲਾਨਾ ਨੇ ਹਾਂਸੀ ਬੁਟਾਣਾ ਨਹਿਰ ਨੂੰ ਪੂਰੇ ਤੌਰ 'ਤੇ ਸਹੀ ਦੱਸਦਿਆਂ ਕਿਹਾ ਹੈ ਕਿ ਕੈਪਟਨ ਨੂੰ ਇਸ ਬਾਰੇ ਸ਼ਾਇਦ ਸਹੀ ਜਾਣਕਾਰੀ ਨਹੀਂ ਹੈ। ਮੁਲਾਨਾ ਨੇ ਅੱਗੇ ਕਿਹਾ ਕਿ ਕੈਪਟਨ ਆਪਣੇ ਆਪ ਨੂੰ ਪੰਜਾਬ ਦਾ ਸਭ ਤੋਂ ਵੱਡੀ ਹਿਤੈਸ਼ੀ ਘੋਸ਼ਿਤ ਕਰਨਾ ਚਾਹੁੰਦੇ ਹਨ। ਇਸੇ ਲਈ ਗਲਤ ਬਿਆਨਬਾਜ਼ੀ ਕਰ ਰਹੇ ਹਨ। ਮੁਲਾਨਾ ਨੇ ਅੱਗੇ ਕਿਹਾ ਕਿ ਜਦੋਂ ਪੰਜਾਬ ਵਿੱਚ ਵੋਟਾਂ ਨੇੜੇ ਆਉਂਦੀਆਂ ਹਨ, ਕੈਪਟਨ ਦੀ ☛(ਬਾਕੀ ਸਫਾ 2 'ਤੇ)

ਨਵੀਂ ਦਿੱਲੀ, 16 ਜੁਲਾਈ (ਵਿਸ਼ਵ ਵਾਰਤਾ)-ਇਕ ਪਾਸੇ ਜਿੱਥੇ ਮਹਿੰਗਾਈ ਕਾਰਨ ਦੇਸ਼ ਭਰ ਵਿਚ ਲੋਕਾਂ ਦੇ ਹਾਲ ਬੇਹਾਲ ਹਨ, ਉਥੇ ਦਿੱਲੀ ਸਰਕਾਰ ਨੇ ਜਨਤਾ ਨੂੰ ਅੱਜ ਕੁਝ ਰਾਹਤ ਦਿੰਦਿਆਂ ਡੀਜ਼ਲ ਦੀਆਂ ਕੀਮਤਾਂ 2.70 ਰੁਪਏ ਪ੍ਰਤੀ ਲੀਟਰ ਘਟਾਉਣ ਦਾ ਫੈਸਲਾ ਕੀਤਾ। ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਦੀ ਪ੍ਰਧਾਨਗੀ ਵਿਚ ਹੋਈ ਬੈਠਕ ਵਿਚ ਡੀਜ਼ਲ 'ਤੇ ਵੈਟ ਦੀ ਦਰ ਨੂੰ 20 ਫੀਸਦੀ ਤੋਂ ਘਟਾ ਕੇ 12.5 ਫੀਸਦੀ ਕਰਨ ਦਾ ਐਲਾਨ ਕੀਤਾ, ਜਿਸ ਨਾਲ ਦਿੱਲੀ ਦੀ ਜਨਤਾ ਨੂੰ ਡੀਜ਼ਲ 37.40 ਰੁਪਏ ਪ੍ਰਤੀ ਲੀਟਰ ਦੇ ਹਿਸਾਬ ਨਾਲ ਮਿਲੇਗਾ। ਵੈਟ ਦੀਆਂ ਨਵੀਆਂ ਦਰਾਂ 20 ਜੁਲਾਈ ਤੋਂ ਲਾਗੂ ਹੋਣਗੀਆਂ। ਬੈਠਕ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਵਿਚ ਪਿਛਲੇ ਬਜਟ ਵਿਚ ਡੀਜ਼ਲ ਉਤੇ ਵੈਟ ਵਧਾਉਣ ਨਾਲ ਦਿੱਲੀ ਸਰਕਾਰ ਨੂੰ ਮਾਲੀਆ ਦਾ ਨੁਕਸਾਨ ਹੋ ਰਿਹਾ ਸੀ। ਇਸ ਦੇ ਮੱਦੇਨਜ਼ਰ ਹੁਣ ਵੈਟ ਦੀਆਂ ਦਰਾਂ ਵਿਚ ਕਮੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਦਿੱਲੀ ਸਰਕਾਰ ਦੇ ਇਸ ਫੈਸਲੇ ਨਾਲ 20 ਜੁਲਾਈ ਤੋਂ ਦਿੱਲੀ ਵਿਚ ਡੀਜ਼ਲ 37.40 ਰੁਪਏ ਪ੍ਰਤੀ ਲੀਟਰ ਦੇ ਹਿਸਾਬ ਨਾਲ ਮਿਲੇਗਾ।

## ਜੀ. ਟੀ. ਰੋਡ ਉੱਪਰ ਗੈਰ-ਕਾਨੂੰਨੀ ਢਾਬਾ ਪਾਰਕਿੰਗ ਤੇ ਟਰੈਫਿਕ ਨਿਯਮ ਉਲੰਘਣਾਵਾਂ ਬਾਰੇ ਹਾਈਕੋਰਟ ਵੱਲੋਂ ਸਰਕਾਰ ਤੋਂ ਰਿਪੋਰਟ ਤਲਬ

ਚੰਡੀਗੜ੍ਹ, 16 ਜੁਲਾਈ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਨੇ ਹਰਿਆਣਾ ਹਾਈਕੋਰਟ ਦੇ ਜਸਟਿਸ ਰਾਜੀਵ ਭੱਲਾ 'ਤੇ ਅਧਾਰਿਤ ਬੈਂਚ ਨੇ ਰਾਸ਼ਟਰੀ ਮਾਰਗਾਂ 'ਤੇ ਨਿਯਮਾਂ ਦੀ ਉਲੰਘਣਾ ਤੇ ਨਜਾਇਜ਼ ਕਬਜ਼ਿਆਂ ਦੇ ਮੁੱਦੇ ਨੂੰ ਲੈ ਕੇ ਚੱਲ ਰਹੀ ਪਟੀਸ਼ਨ 'ਤੇ ਸੁਣਵਾਈ ਦੌਰਾਨ ਕੁੱਝ ਸਖਤ ਆਦੇਸ਼ ਜਾਰੀ ਕੀਤੇ ਹਨ ਤੇ ਸਰਕਾਰ ਤੋਂ ਰਿਪੋਰਟ ਤਲਬ ਕੀਤੀ ਹੈ। ਬੈਂਚ ਨੇ ਸਪੱਸ਼ਟ ਤੌਰ ਤੇ ਕਿਹਾ ਹੈ ਕਿ ਮੋਟਰ ਵਾਹਨ ਐਕਟ ਦੇ ਤਹਿਤ ਰਾਸ਼ਟਰੀ ਮਾਰਗਾਂ ਦੇ ਕਿਨਾਰੇ ਕਿਸੇ ਢਾਬੇ ਜਾਂ ਦੁਕਾਨ ਆਦਿ ਤੋਂ ਵਾਹਨ ਖੜ੍ਹੇ ਨਹੀਂ ਕੀਤੇ ਜਾ ਸਕਦੇ। ਇਹ ਵੇਖਣ ਨੂੰ ਮਿਲਿਆ ਹੈ ਕਿ ਦਿੱਲੀ-ਚੰਡੀਗੜ੍ਹ ਰਾਸ਼ਟਰੀ ਮਾਰਗ ਨੰਬਰ ਇੱਕ ਤੇ ਥਾਂ-ਥਾਂ ਢਾਬੇ ਤੇ ਖਾਣ-ਪੀਣ ਦੀਆਂ ਚੀਜ਼ਾਂ ਵੇਚਣ ਵਾਲੀਆਂ ਦੁਕਾਨਾਂ ਖੁੱਲ੍ਹੀਆਂ ਹਨ। ਜਿੱਥੇ ਬੱਸਾਂ ਤੇ ਟਰੱਕ ਆਦਿ ਵੀ ਖੜ੍ਹੇ ਹੁੰਦੇ ਹਨ। ਇਸ ਬਾਰੇ ਵਿੱਚ ਕੇਂਦਰ ਸਰਕਾਰ ਤੋਂ ਜਵਾਬ ਮੰਗਿਆ ਗਿਆ ਹੈ। ਬੈਂਚ ਨੇ ਕਿਹਾ ਹੈ ਕਿ ਨਿਯਮਾਂ ਦੇ ਮੁਤਾਬਕ ਸਰਕਾਰ ਨੇ ਹੀ ਉਨ੍ਹਾਂ ਖੇਤਰਾਂ ਦੇ ਸਾਰੇ ਵਿਸਥਾਰ ਨਾਲ ਜਾਣਕਾਰੀ ਦੇਣੀ ਹੈ। ਜਿੱਥੇ ਢਾਬੇ ਆਦਿ ਖੋਲ੍ਹੇ ਜਾ ਸਕਦੇ ਹਨ ਤੇ ਸਰਕਾਰ ਨੇ ਹੀ ਉਨ੍ਹਾਂ ਖੇਤਰਾਂ ਨੂੰ ਤੈਅ ਕਰਨਾ ਹੈ, ਉੱਥੇ ਹਰ ਸਹੂਲਤ ਮੁਹੱਈਆ ਕਰਵਾਉਣ ਸਰਕਾਰ ਦੀ ਹੀ ਜ਼ਿੰਮੇਵਾਰੀ ਹੈ। ਸਰਕਾਰ ਨੂੰ ਇਹ ਤੈਅ ਕਰਨਾ ਹੋਵੇਗਾ ਕਿ ਕਿਸ ਕਿਸ ਥਾਂ 'ਤੇ ਵਾਹਨ ਰੁਕ ਸਕਦੇ ਹਨ ਤੇ ਕਿੱਥੇ ਕਿੱਥੇ ਜਲ ਪਾਨ ਕੀਤਾ ਜਾ ਸਕਦਾ ਹੈ। ਬੈਂਚ ਨੇ ਕਿਹਾ ਹੈ ਕਿ ਹੈਰਾਨੀ ਦੀ ਗੱਲ ਇਹ ਹੈ ਕਿ ਪੰਜਾਬ ਹਰਿਆਣਾ ਪੁਲਿਸ ਨੂੰ ਉਕਤ ਨਿਯਮਾਂ ਦੀ ਜਣਕਾਰੀ ਨਹੀਂ ਹੈ।

ਇਸ ਆਦੇਸ਼ ਵਿੱਚ ਕਿਹਾ ਗਿਆ ਹੈ ਕਿ ਸਭ ਤੋਂ ਪਹਿਲੀ ਪੌੜੀ ਤਾਂ ਸੁਰੱਖਿਆ ਵਿਵਸਥਾ ਹੈ ਤੇ ਰਾਸ਼ਟਰੀ ਮਾਰਗਾਂ 'ਤੇ ਇਸ ☛(ਬਾਕੀ ਸਫਾ 2 'ਤੇ)

## ਰਾਸ਼ਟਰਪਤੀ ਪੁਲਿਸ ਮੈਡਲਾਂ ਲਈ ਢਾਈ ਦਰਜਨ ਅਫਸਰਾਂ ਦੀ ਲਾਈਨ

ਚੰਡੀਗੜ੍ਹ, 16 ਜੁਲਾਈ (ਹਰੀਸ਼ ਚੰਦਰ ਬਾਗਾਂਵਾਲਾ)- ਪੰਜਾਬ ਪੁਲਿਸ ਦੀ ਡੀ.ਸੀ.ਪੀ. ਪੀ.ਐੱਸ. ਗਿੱਲ ਵੱਲੋਂ ਕੋ ਢਾਈ ਦਰਜਨ ਦੇ ਕਰੀਬ ਪੁਲਿਸ ਅਧਿਕਾਰੀਆਂ ਦੇ ਨਾਵਾਂ ਦੀ ਸਿਫਾਰਸ਼ ਰਾਸ਼ਟਰਪਤੀ ਪੁਲਿਸ ਮੈਡਲ ਲਈ ਕੀਤੀ ਹੈ। ਆਪਣੀਆਂ ਸ਼ਾਨਦਾਰ ਸੇਵਾਵਾਂ ਕਰਕੇ ਭੇਜੇ ਇਨ੍ਹਾਂ ਅਧਿਕਾਰੀਆਂ ਦੇ ਨਾਵਾਂ ਵਿੱਚ ਇੱਕ ਦਰਜਨ ਦੇ ਕਰੀਬ ਆਈ.ਪੀ.ਐੱਸ. ਅਧਿਕਾਰੀ ਹਨ।

ਪੁਲਿਸ ਵਿਭਾਗ ਵਿੱਚ ਵਧੀਆ ਡਿਊਟੀ ਕਰਨ ਵਾਲੇ ਇਨ੍ਹਾਂ ਅਧਿਕਾਰੀਆਂ ਦੀ ਕੇਂਦਰ ਨੂੰ ਭੇਜੀ ਸੂਚੀ ਬਾਰੇ ਸੂਤਰਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਈ.ਪੀ.ਐੱਸ. ਅਧਿਕਾਰੀਆਂ 'ਚ ਆਰ.ਪੀ. ਮੀਨਾ ਆਈ.ਜੀ. (ਆਈ.ਆਰ.ਬੀ.) ਸੀ. ਐੱਸ. ਆਰ.ਰੈਡੀ ਆਈ.ਜੀ. ਪ੍ਰੋਵੀਜ਼ਨ, ਵੀ.ਕੇ. ਭਾਵਰਾ ਆਈ.ਜੀ. ਇੰਟੈਲੀਜੈਂਸ, ਲੋਕ ਨਾਥ ਆਂਗਰਾ ਜ਼ਿਲ੍ਹਾ ਪੁਲਿਸ ਮੁਖੀ ਗੁਰਦਾਸਪੁਰ, ਰਾਜਨ ਗੁਪਤਾ ਐਡੀਸ਼ਨਲ ਡੀ.ਜੀ.ਪੀ. ਕ੍ਰਾਈਮ ਸੰਜੀਵ ਗੁਪਤਾ ਐਡੀਸ਼ਨਲ ਡੀ.ਜੀ. ਪ੍ਰਸ਼ਾਸਨ ਐੱਸ.ਐੱਸ. ਚੌਹਾਨ ਡੀ.ਆਈ.ਜੀ. ਜਲੰਧਰ, ਵਰਿੰਦਰ ਕੁਮਾਰ ਪੁਲਿਸ ਕਮਿਸ਼ਨਰ ਅੰਮ੍ਰਿਤਸਰ ਤੇ ਜਿਨ੍ਹਾਂ ਹੋਰ ਅਧਿਕਾਰੀਆਂ ਦੇ ਨਾਵਾਂ ਦੀ ਸਿਫਾਰਸ਼ ਕੀਤੀ ਗਈ ਹੈ, ਉਨ੍ਹਾਂ ਵਿੱਚ ਇੰਦਰਮੋਹਨ ਸਿੰਘ ਜ਼ਿਲ੍ਹਾ ਪੁਲਿਸ ਮੁਖੀ ਮੁਕਤਸਰ, ਰਣਜੀਤ ਸਿੰਘ ਢਿੱਲੋਂ ਕਮਾਂਡੈਂਟ 6ਵੀਂ ਆਈ.ਆਰ.ਬੀ. ਉਪਿੰਦਰਜੀਤ ਸਿੰਘ ਘੁੰਮਣ ਐੱਸ.ਪੀ. ਵਿਜੀਲੈਂਸ ਜਲੰਧਰ, ਅਸ਼ਵਨੀ ਕਪੂਰ ਏ.ਆਈ.ਜੀ. ਪ੍ਰਸੋਨਲ ਦੋ, ਧਰਮਵੀਰ ਉੱਪਲ ਐੱਸ.ਪੀ. ਅਪ੍ਰੇਸ਼ਨ ਨਵਾਂ ਸ਼ਹਿਰ ਦੇਸ ਰਾਜ ਡੀ.ਐੱਸ.ਪੀ. ਵਿਜੀਲੈਂਸ ਬਠਿੰਡਾ, ਬਲਰਾਜ ਸਿੰਘ ਗਿੱਲ ਏ.ਡੀ.ਪੀ. ਲੁਧਿਆਣਾ, ਲਖਬੀਰ ਸਿੰਘ ਡੀ.ਐੱਸ.ਪੀ. ਸੀ.ਆਈ.ਡੀ. ਮੁਹਾਲੀ ਸਤਨਾਮ ਸਿੰਘ ਡੀ.ਐੱਸ.ਪੀ. ਡਿਟੈਕਟਿਵ, ਹਰਗੋਬਿੰਦ ਸਿੰਘ ਡੀ.ਐੱਸ.ਪੀ. 82ਵੀਂ ਬਟਾਲੀਅਨ ਚੰਡੀਗੜ੍ਹ, ਰਜੇਸ਼ਵਰ ਸਿੰਘ ਡੀ.ਐੱਸ.ਪੀ., ਹੁਸ਼ਿਆਰਪੁਰ, ਸੁਖਜੀਤ ਸਿੰਘ ਇੰਚਾਰਜ ਟ੍ਰੇਨਿੰਗ ਸਕੂਲ ਫਤਿਹਗੜ੍ਹ ਸਾਹਿਬ, ਇੰਸਪੈਕਟਰ ਦਵਿੰਦਰ ਪਾਲ ਤਕਨੀਕੀ ਸੰਚਾਰ ਵਿੰਗ ਚੰਡੀਗੜ੍ਹ, ਇੰਸਪੈਕਟਰ ਕ੍ਰਿਸ਼ਨ ਕੁਮਾਰ, ☛(ਬਾਕੀ ਸਫਾ 2 'ਤੇ)

## ਕੇਂਦਰੀ ਟੀਮ ਦਾ ਹਰਿਆਣਾ ਦੌਰਾ 19 ਜੁਲਾਈ ਤੋਂ-ਹੁੱਡਾ ਮਨਮੋਹਨ ਨਾਲ ਲਗਾਤਾਰ ਸੰਪਰਕ 'ਚ

ਚੰਡੀਗੜ੍ਹ, 16 ਜੁਲਾਈ (ਹਰੀਸ਼ ਚੰਦਰ ਬਾਗਾਂਵਾਲਾ)-ਹਰਿਆਣਾ ਵਿੱਚ ਆਏ ਹੜ੍ਹਾਂ ਤੋਂ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਦੇ ਲਈ ਕੇਂਦਰੀ ਅਧਿਕਾਰੀਆਂ ਦੀ ਟੀਮ 19 ਅਤੇ 20 ਜੁਲਾਈ ਨੂੰ ਦੌਰਾ ਕਰੇਗੀ। ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਲਗਾਤਾਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਦੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨਾਲ ਰਾਬਤਾ ਕਾਇਮ ਰੱਖੇ ਹੋਏ ਹਨ। ਸੂਤਰਾਂ ਮੁਤਾਬਿਕ ਇਹ ਕੇਂਦਰੀ ਟੀਮ ਗ੍ਰਹਿ ਮੰਤਰਾਲੇ ਦੇ ਸੰਯੁਕਤ ਸਕੱਤਰ ਆਰ.ਪੀ. ਨਾਥ ਦੀ ਅਗਵਾਈ ਵਿੱਚ ਹਰਿਆਣਾ ਦੇ ਹੜ੍ਹ ਮਾਰੇ ਇਲਾਕਿਆਂ, ਪਿੰਡਾਂ ਤੇ ਸ਼ਹਿਰਾਂ ਦਾ ਦੌਰਾ ਕਰੇਗੀ। ਟੀਮ ਹੜ੍ਹਾਂ ਦੀ ਮਾਰ ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲਵੇਗੀ। ਜਦੋਂ ਕਿ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਪਹਿਲਾਂ ਹੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਬੇਨਤੀ ਕੀਤੀ ਹੋਈ ਹੈ ਕਿ ਕੇਂਦਰ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਅੰਦਾਜ਼ਾ ਕੋਈ 1022 ਕਰੋੜ ਰੁਪਏ ਹਨ। ਬਾਕੀ ਜੋ ਬਾਅਦ ਵਿੱਚ ਸਿਰਸਾ ਜ਼ਿਲ੍ਹਾ ਫਤਿਆਬਾਦ ਦਾ ਨੁਕਸਾਨ ਹੋਇਆ ਹੈ। ਪਤਾ ਲੱਗਾ ਹੈ ਕਿ ਪਹਿਲਾਂ 1022 ਕਰੋੜ ਦੀ ਫੌਰੀ ਰਾਹਤ ਦਿੱਤੀ ਜਾਵੇ। ਮੰਗ ਕੀਤੀ ਗਈ ਹੈ ਕਿ ਆਰਥਿਕ ਮਦਦ ਤੁਰੰਤ ਭੇਜੀ ਜਾਵੇ। ਦੱਸਣਯੋਗ ਹੈ ਕਿ ਜੋ ਕੇਂਦਰ ਦੀ ਟੀਮ ਹਰਿਆਣਾ ਆ ਰਹੀ ਹੈ, ਉਸ ਦੀ ਰਿਪੋਰਟ ਤੋਂ ਬਾਅਦ ਹੀ ਕੇਂਦਰ ਸਰਕਾਰ ਰਾਹਤ ਦੇਣ ਦਾ ਕੋਈ ਫੈਸਲਾ ਲਵੇਗੀ।

ਉਧਰ ਅੱਜ ਹਰਿਆਣਾ ਸਰਕਾਰ ਨੇ ਜਾਰੀ ਇੱਕ ਬਿਆਨ ਵਿੱਚ ਰਤੀਆ, ਸਿਰਸਾ ਅਤੇ ਫਤਿਆਬਾਦ ਨੂੰ ਛੱਡ ਕੇ ਬਾਕੀ ਸ਼ਹਿਰਾਂ ਵਿੱਚ ਸੁਧਾਰ ਹੋ ਰਿਹਾ ਹੈ। ਅੰਬਾਲਾ ਵਿੱਚ ਬਿਜਲੀ, ਪਾਣੀ ਵੀ ਪੂਰੀ ਤਰ੍ਹਾਂ ਬਹਾਲ ਹੋ ਗਿਆ ਹੈ।

## ਭਾਜਪਾ ਦੀ ਆਪਸੀ ਗੁੱਟਬੰਦੀ ਕਰਕੇ ਜ਼ਿਲ੍ਹਾ ਪ੍ਰਧਾਨਾਂ ਦੀਆਂ ਨਿਯੁਕਤੀਆਂ ਵਿੱਚ ਦੇਰੀ

ਆਨੰਦਪੁਰ ਸਾਹਿਬ, 16 ਜੁਲਾਈ (ਦਿਨੇਸ਼ ਨੱਡਾ, ਰੈਤ)- ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਗਡਕਰੀ ਵੱਲੋਂ ਬੇਸ਼ਕ ਭਾਜਪਾ ਵਿੱਚੋਂ ਕੱਢੇ ਗਏ ਆਗੂਆਂ ਜਾਂ ਨਰਾਜ਼ ਆਗੂਆਂ ਨੂੰ ਦੁਬਾਰਾ ਭਾਜਪਾ ਵਿੱਚ ਸ਼ਾਮਲ ਕੀਤੇ ਜਾਣ ਕਾਰਨ ਬੇਸ਼ੱਕ ਮਤੇ ਭਾਜਪਾ ਮਜ਼ਬੂਤ ਹੋਣੀ ਸ਼ੁਰੂ ਹੋ ਗਈ ਹੈ, ਪਰ ਪੰਜਾਬ ਜਿੱਥੇ ਭਾਜਪਾ ਅਕਾਲੀ ਦਲ ਨਾਲ ਸੱਤਾ ਭੋਗ ਰਹੀ ਹੈ, ਦੇ ਵਿੱਚ ਭਾਜਪਾ ਦੀ ਕਈਆਂ ਜ਼ਿਲ੍ਹਿਆਂ ਵਿੱਚ ਭਾਜਪਾ ਦੇ ਹੀ ਦੋ ਗੁੱਟਾਂ ਵਿਚਲੀ ਗੁੱਟਬੰਦੀ ਨੂੰ ਖਤਮ ਕਰਨ ਵਿੱਚ ਨਾ ਹੀ ਪਹਿਲੇ ਰਾਸ਼ਟਰੀ ਪ੍ਰਧਾਨ ਰਾਜਨਾਥ ਸਿੰਘ ਨਾ ਹੀ ਹੁਣ ਵਾਲੇ ਸ੍ਰੀ ਗਡਗਰੀ ਹੀ ਹਾਲੇ ਤੱਕ ਸਫਲ ਹੋਏ ਹਨ। ਇੱਥੋਂ ਤੱਕ ਕਿ ਸੂਬੇ ਦੇ ਪਹਿਲੇ ਪ੍ਰਧਾਨ ਰਾਜਿੰਦਰ ਭੰਡਾਰੀ ਅਤੇ ਨਾ ਹੀ ਹੁਣ ਵਾਲੇ ਸ੍ਰੀ ਅਸ਼ਵਨੀ ਸ਼ਰਮਾ ਨੂੰ ਹੁਣ ਤੱਕ ਸਫਲਤਾ ਮਿਲੀ ਹੈ।

ਇਸ ਦੀ ਤਾਜ਼ਾ ਉਦਾਹਰਣ ਰਾਜ ਦੇ ਫਿਰੋਜ਼ਪੁਰ ਅਤੇ ਰੂਪਨਗਰ ਜ਼ਿਲ੍ਹਿਆਂ ਵਿੱਚ ਭਾਜਪਾ ਦੇ ਪ੍ਰਧਾਨਾਂ ਦੀ ਨਿਯੁਕਤੀ ਨਾ ਹੋ ਸਕਣਾ ਹੈ। ਹੁਣ ਭਾਜਪਾ ਦੇ ਸਾਬਕਾ ਸੂਬਾ ਪ੍ਰਧਾਨ ਸ੍ਰੀ ਅਵਿਨਾਸ਼ ਰਾਏ ਖੰਨਾ, ਜਿਨ੍ਹਾਂ ਨੂੰ ਪਾਰਟੀ ਨੇ ਭੇਜਿਆ ਹੈ, ਉਨ੍ਹਾਂ ਦਾ ਗੁੱਟ ਹੁਣ ਮੁੜ ਤੋਂ ਰਹਿੰਦੇ ਦੋ ਜ਼ਿਲ੍ਹਿਆਂ ਵਿੱਚ ਆਪਮੇ ਜ਼ਿਲ੍ਹਾ ਪ੍ਰਧਾਨ ਲਗਾਉਣ ਲਈ ਪੱਬਾਂ ਭਾਰ ਹੋਇਆ ਪਿਆ ਹੈ। ਰੂਪਨਗਰ ਜ਼ਿਲ੍ਹੇ ਵਿੱਚ ਜਿਥੇ ਅੱਤਵਾਦ ਦੇ ਕਾਲੇ ਦੌਰ ਵਿੱਚ ਭਾਜਪਾ ਦੇ ਸੂਬਾ ਪ੍ਰਧਾਨ ਰਹੇ ਸਾਬਕਾ ਕੈਬਨਿਟ ਮੰਤਰੀ ਅਤੇ ਮੌਜੂਦਾ ਜ਼ਿਲ੍ਹਾ ਰੂਪਨਗਰ ਯੋਜਨਾ ਬੋਰਡ ਦੇ ਚੇਅਰਮੈਨ ਸ੍ਰੀ ਮਦਾਨ ਮੋਹਨ ਮਿੱਤਲ ਨੂੰ ਇਸ ਗੁੱਟਬੰਦੀ ਕਾਰਨ ਵਿਧਾਨ ਸਭਾ ਚੋਣਾਂ ਵਿਚ ਹਾਰ ਦਾ ਮੂੰਹ ਵੇਖਣਾ ਪਿਆ ਸੀ, ਜਿਸ ਨੂੰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਮਿੱਤਲ ਦੀ ਹਾਰ ਦਾ ਕਾਰਨ ਇੱਕ ਸਟੇਜ ਤੋਂ ਭਾਜਪਾ ਦੀ ਪਰਿਵਾਰਕ ਲੜਾਈ ਕਹਿ ਕੇ ਜਨਤਕ ਤੌਰ 'ਤੇ ਕਹਿ ਚੁੱਕੇ ਹਨ, ਪਰ ਇਸ ਦੇ ਬਾਵਜੂਦ ਸਾਢੇ ਤਿੰਨ ਸਾਲਾਂ ਵਿੱਚ ਭਾਜਪਾ ਹਾਈ ਕਮਾਂਡ ਨੇ ਵਿਰੋਧੀ ਗੁੱਟ ਨੂੰ ਸ਼ਕਤੀਸ਼ਾਲੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ, ਜਿਸ ਕਾਰਨ ਅੱਜ ਰੂਪਨਗਰ ਜ਼ਿਲ੍ਹੇ ਦੀ ਪ੍ਰਧਾਨਗੀ ਮੁੜ ਖੰਨਾ ਗੁੱਟ ਦੇ ਕਿਸੇ ਆਗੂ ਨੂੰ ਮਿਲਣ ਦੇ ਆਸਾਰ ਮੁੜ ਵਧਦੇ ਨਜ਼ਰ ਆ ਰਹੇ ਹਨ। ਭਰੋਸੇਯੋਗ ਸੂਤਰਾਂ ਮੁਤਾਬਿਕ ਸ੍ਰੀ ਅਵਿਨਾਸ਼ ਰਾਏ ਖੰਨਾ ਸਾਬਕਾ ਜ਼ਿਲ੍ਹਾ ☛(ਬਾਕੀ ਸਫਾ 2 'ਤੇ)

## ਕੈਟਰੀਨਾ ਨੂੰ ਜਨਮ ਦਿਨ 'ਤੇ ਵਧਾਈਆਂ

ਮੁੰਬਈ, 16 ਜੁਲਾਈ (ਵਿਸ਼ਵ ਵਾਰਤਾ)-ਬਾਲੀਵੁੱਡ ਦੀਆਂ ਸਫ਼ਲ ਅਭਿਨੇਤਰੀਆਂ ਵਿਚੋਂ ਇਕ ਕੈਟਰੀਨਾ ਕੈਫ ਅੱਜ 26 ਸਾਲ ਦੀ ਹੋ ਗਈ। ਇਸ ਦੌਰਾਨ ਕੈਟਰੀਨਾ ਨੂੰ ਜਨਮ ਦਿਨ ਦੀਆਂ ਵਧਾਈਆਂ ਦਾ ਤਾਂਤਾ ਲੱਗਿਆ ਸੀ। ਫਿਲਮੀ ਸਿਤਾਰਿਆਂ ਤੋਂ ਇਲਾਵਾ ਪ੍ਰਸ਼ੰਸਕਾਂ ਨੇ ਕੈਟਰੀਨਾ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਦਿੱਤੀਆਂ। ਜਾਣਕਾਰੀ ਅਨੁਸਾਰ ਕੈਟਰੀਨਾ ਆਪਣਾ ਜਨਮ ਦਿਨ ਆਪਣੇ ਪਰਿਵਾਰ ਨਾਲ ਲੰਦਨ ਵਿਖੇ ਮਨਾਉਣਾ ਚਾਹੁੰਦਾ ਸੀ, ਪਰ ਸਪੇਨ ਵਿਖੇ ਇਕ ਫਿਲਮ ਦੀ ਸ਼ੂਟਿੰਗ ਵਿਚ ਰੁੱਝੀ ਕੈਟਰੀਨਾ ਨੂੰ ਇਹ ਪ੍ਰੋਗਰਾਮ ਬਦਲਣਾ ਪਿਆ। 16 ਜੁਲਾਈ, 1984 ਨੂੰ ਜਨਮੀ ਕੈਟਰੀਨਾ ਨੇ ਕੇਵਲ 14 ਸਾਲ ਦੀ ਉਮਰ ਵਿਚ ਹੀ ਮਾਡਲਿੰਗ ਦੀ ਦੁਨੀਆਂ ਵਿਚ ਪੈਰ ਰੱਖਿਆ ਸੀ। ਮਾਡਲਿੰਗ ਕਰਦੇ ਹੋਏ ਕੈਟਰੀਨਾ 'ਤੇ ਫਿਲਮ ਨਿਰਮਾਤਾ ਕੈਜਾਦ ਗੁਸਤਾਦ ਦੀ ਨਜ਼ਰ ਪਈ। ਜਿਸ ਨੇ ਕੈਟਰੀਨਾ ਨਾਲ ਫਿਲਮ 'ਬੂਮ' ਬਣਾਈ। ਹਾਲਾਂਕਿ ਇਹ ਫਿਲਮ ਪੂਰੀ ਤਰ੍ਹਾਂ ਅਸਫ਼ਲ ਹੋ ਗਈ। ਪਰ ਕੈਟਰੀਨਾ ਨੂੰ ਇਸ ਫਿਲਮ ਰਾਹੀਂ ਪਹਿਚਾਣ ਮਿਲ ਗਈ। ਇਸ ਤੋਂ ਬਾਅਦ ਕੈਟਰੀਨਾ ਨੇ ਕਈ ਹਿੱਟ ਫਿਲਮ ਕੀਤੀਆਂ।

## ਪੈਨਸ਼ਨ ਵਿੱਚ ਬੇਤਰਤੀਬੀਆਂ ਦੂਰ ਹੋਣ, ਲੀਗ ਵੱਲੋਂ ਸਰਕਾਰ ਨੂੰ ਅਪੀਲ

ਲੁਧਿਆਣਾ, 16 ਜੁਲਾਈ (ਰਾਜ ਜੋਸ਼ੀ)-ਇੰਡੀਅਨ ਐਕਸ ਸਰਵਿਸ ਲੀਗ ਪੰਜਾਬ ਅਤੇ ਚੰਡੀਗੜ੍ਹ ਲੀਗ ਦੇ ਪ੍ਰਧਾਨ ਕਰਨਾਲ ਭਾਗ ਸਿੰਘ, ਵੀ.ਐੱਸ.ਐੱਮ. ਨੇ ਪ੍ਰੈਸ ਨੂੰ ਦੱਸਿਆ ਕਿ ਇਹੋ ਹੀ ਇੱਕ ਸੰਸਥਾ ਹੈ ਜੋ ਭਾਰਤ ਤੋਂ ਮਾਨਤਾ ਪ੍ਰਾਪਤ ਹੈ ਅਤੇ ਪਿਛਲੀਆਂ ਸਾਰੀਆਂ ਮੰਗਾਂ ਸਰਕਾਰ ਦੁਆਰਾ ਮਨਾਉਣ ਵਿੱਚ ਪ੍ਰਭਾਵਸ਼ਾਲੀ ਰਹੀ ਹੈ। ਇੱਕ ਰੈਂਕ ਇੱਕ ਪੈਨਸ਼ਨ ਵਿੱਚ ਵੀ ਜੋ ਪ੍ਰਾਤੀਆਂ ਕੀਤੀਆਂ ਗਈਆਂ ਉਸ ਵਿੱਚ ਵੀ ਅਸੀਂ70 ਫੀਸਦੀ ਸਫਲਤਾ ਹਾਸਲ ਕੀਤੀ ਹੈ ਅਤੇ ਬਾਕੀ ਰਹਿੰਦੀਆਂ ਵੀ ਪੂਰੀਆਂ ਕੋਸ਼ਿਸ਼ਾਂ ਨਾਲ ਹਾਸਲ ਕਰਾਂਗੇ। ਭਾਰਤ ਸਰਕਾਰ ਵੱਲੋਂ ਹੇਠ ਲਿਖੀਆਂ ਸ਼੍ਰੇਣੀਆਂ ਦੀ ਪੈਨਸ਼ਨ ਵਧਾਉਣ ਵਿੱਚ ਅੱਖੋਂ ਓਹਲੇ ਕੀਤਾ ਗਿਆ। ਇਸ ਲਈ ਇਹ ਕੇਸ ਭਾਰਤ ਸਰਕਾਰ ਮਨਿਸਟਰੀ ਆਫ ਡੀਫੈਂਸ ਨੂੰ ਅੱਜ ਪੈਨਸ਼ਰਾਂ ਦੇ ਦਸਤਖਤ ਲੈ ਕੇ ਆਰਮਡ ਫੋਰਸ ਟ੍ਰਿਊਨਲ ਵਿੱਚ ਫਾਈਲ ਕੀਤਾ ਜਾ ਰਿਹਾ ਹੈ। ਰੀਜ਼ਰਵਿਸਟ ਜਿਹੜੇ ਪੂਰੀ ਨੌਕਰੀ ਕਰਕੇ ਆਏ ਅਤੇ ਇੰਡੋ-ਪਾਕਿ ਲੜਾਈ ਵਿੱਚ ਹਿੱਸਾ ਲਿਆ। ਆਨਰੇਰੀ ਲੈਫਟੀਨੈਂਟ ਤੋਂ ਆਨਰੇਰੀ ਕੈਪਟਨ ਇਸ ਰੈਂਕ ਸ਼੍ਰੇਣੀ ਨੂੰ ਵੀ ਗੌਰ ਨਹੀਂ ਕੀਤਾ ਗਿਆ। ਜਦੋਂ ਸਰਕਾਰ ਵਾਇਸ ਰਾਏ ਕਮਿਸ਼ਨ ਨੂੰ 1614 ਰੁਪਏ ਦੇ ਰਹੀ ਹੈ, ਜਦੋਂ ਕਿ ਭਾਰਤ ਰਾਸ਼ਟਰਪਤੀ ਵੱਲੋਂ 13,850 ਰੁਪਏ ਹੈ। ਇਹ ਫਰਕ ਜਿਹੜਾ ਹੁਣ ਹੋਇਆ ਪਹਿਲਾਂ ਕਦੇ ਵੀ ਨਹੀਂ ਹੋਇਆ। ਇਸ ਦੇ ਸਬੰਧ ਵਿੱਚ ਬਹੁਤ ਗੰਭੀਰਤਾਪੂਰਵਕ ਡਟ ਕੇ ਖੜ੍ਹੀ ਹੈ। ਇਹ ਫਰਕ ਭਾਰਤ ਦੇ ਰਾਸ਼ਟਰਪਤੀ ਦੇ ਅਹੁਦੇ ਦਾ ਅਪਮਾਨ ਹੈ। ਸਾਰੇ ਜ਼ਿਲ੍ਹਾ ਪ੍ਰਧਾਨਾਂ ਨੂੰ ਦੱਸਿਆ ਕਿ ਹਰ ਇੱਕ ਸ਼੍ਰੇਣੀ ਦੀਆਂ ਲਿਸਟਾਂ ਬਣ ਕੇ ਕੇਸ ਫਾਈਲ ਕਰਨ ਲਈ ਪੀ.ਪੀ.ਓ ਸੀਟ ਦੀ ਫੋਟੋ ਕਾਪੀ ਨਾਲ ਲਾਈ ਜਾਵੇ।

ਇਹ ਲੀਗ ਨੇ ਰਾਸ਼ਟਰਪਤੀ ਡੀਫੈਂਸ ਮਨਿਸਟਰੀ, ਰਾਸ਼ਟਰੀ ਰੱਖਿਆ ਮਨਿਸਟਰ ਅਤੇ ਤਿੰਨਾਂ ਫੋਰਸਾਂ ਦੇ ਮੁੱਖੀਆਂ ਨਾਲ ਅਲੱਗ ਮੀਟਿੰਗਾਂ ਕੀਤੀਆਂ ਅਤੇ ਵਿਚਾਰਾਂ ਕੀਤੀਆਂ। ਹੁਣ 31 ਜੁਲਾਈ 2010 ਡਿਫੈਂਸ ਮਨਿਸਟਰੀ ਦਿੱਲੀ ਲੀਗ ਦਫਤਰ ਆ ਰਹੇ ਹਨ। ਸਾਰੀਆਂ ਦਿਕਤਾਂ ਬਾਰੇ ਵਿਚਾਰ ਕੀਤਾ ਜਾਵੇਗਾ। ਇਸ ਲੀਗ ਨੇ ਸੁਚੱਜੇ ਢੰਗ ਨਾਲ ਕੇਸ ਲਿਆ ਹੈ। ਇਹ ਲੀਗ ਗਲਤ ਤਰੀਕ ਨਾਲ ਨਹੀਂ ਲੈਂਦੀ ਜਿਵੇਂ ਦੂਜੇ ਲੈ ਰਹੇ ਹਨ। ਇਹ ਲੀਗ ਦੀ ਯੂਨਿਟ ਪਿੰਡ ਪੱਧਰ ਤੋਂ ☛(ਬਾਕੀ ਸਫਾ 2 'ਤੇ)

## ਅਮਰੀਕਾ : ਜਹਾਜ਼ ਹਾਦਸੇ 'ਚ ਦੋ ਭਾਰਤੀਆਂ ਦੀ ਮੌਤ

ਵਾਸ਼ਿੰਗਟਨ, 16 ਜੁਲਾਈ (ਵਿਸ਼ਵ ਵਾਰਤਾ)-ਅਮਰੀਕਾ ਵਿੱਚ ਇੱਕ ਜਹਾਜ਼ ਹਾਦਸੇ ਵਿੱਚ ਭਾਰਤ ਦੇ ਨਿਵਾਸੀ ਦੋ ਭਰਾਵਾਂ ਦੀ ਮੌਤ ਹੋ ਗਈ ਹੈ। ਇਹਨਾਂ ਵਿੱਚੋਂ ਇੱਕ ਭਰਾ ਪਾਇਲਟ ਦੀ ਟਰੇਨਿੰਗ ਲੈ ਰਿਹਾ ਸੀ। ਹਾਦਸੇ ਵਿੱਚ ਇੱਕ ਅਮਰੀਕੀ ਨਾਗਰਿਕ ਦੀ ਵੀ ਮੌਤ ਹੋਈ ਹੈ। ਦੋਵੇਂ ਭਰਾਵਾਂ ਦੀ ਪਹਿਚਾਣ ਕ੍ਰਾਤਿਕ ਕਲਾਈਚੇਲਵਨ ਅਤੇ ਪ੍ਰਤੀਕ ਕਲਾਈਚੇਲਵਨ ਦੇ ਰੂਪ ਵਿੱਚ ਹੋਈ ਹੈ। ਇਹਨਾਂ ਦੇ ਪਿਤਾ ਅਲੰਗਿਯਾਮ ਪੀ. ਕਲਾਈਚੇਲਵਨ ਬੰਗਲੌਰ ਵਿੱਚ ਕਿੰਗਫਿਸ਼ਰ ਏਅਰਲਾਇੰਸ ਵਿੱਚ ਪਾਇਲਟ ਹਨ। ਹਾਦਸਾ 13 ਜੁਲਾਈ ਨੂੰ ਟੈਕਸਾਸ ਦੇ ਇੱਕ ਛੋਟੇ ਕਸਬੇ ਟੋਲਾਰ ਵਿੱਚ ਵਾਪਰਿਆ। ਹਾਦਸੇ ਵਿੱਚ ਅਮਰੀਕੀ ਨਾਗਰਿਕ ਸੈਸੇ ਬ੍ਰਾਈਨੇਗਰ ਦੀ ਵੀ ਮੌਤ ਹੋ ਗਈ ਹੈ। ਪ੍ਰਤੀਕ ਆਪਣੇ ਭਰਾ ਨੂੰ ਮਿਲਣ ਗਿਆ ਸੀ। ਕੁਝ ਹੀ ਦਿਨਾਂ ਵਿੱਚ ਭਾਰਤ ਪਰਤਣਾ ਸੀ। ਤੇਲਗੂ ਐਸੋਸੀਏਸ਼ਨ ਆਫ਼ ਨਾਰਥ ਅਮਰੀਕਾ ਨੇ ਇੱਕ ਬਿਆਨ ਵਿੱਚ ਕਿਹਾ ਕਿ ਸੈਸੇ ਅਤੇ ਕ੍ਰਾਤਿਕ ਪ੍ਰਤੀਕ ਨੂੰ ਆਸਮਾਨ ਤੋਂ ਟੈਕਸਾਸ ਦਿਖਾ ਰਹੇ ਸਨ। ਤਿੰਨੇ ਮੰਗਲਵਾਰ ਦੀ ਰਾਤ ਇੱਕ ਡਿਨਰ ਲਈ ਗਏ ਸਨ ਅਤੇ ਉਸ ਤੋਂ ਬਾਅਦ ਆਰਲਿਗਟਨ ਹਵਾਈ ਅੱਡਾ ਪਰਤ ਰਹੇ ਹਨ। ਪਰਤਣ ਦੌਰਾਨ ਜਹਾਜ਼ ਹਾਦਸਾਗ੍ਰਸਤ ਹੋ ਗਿਆ ਜਿਸ ਕਾਰਨ ਸੈਸੇ ਅਤੇ ਕ੍ਰਾਤਿਕ ਦੀ ਘਟਨਾ ਸਥਾਨ 'ਤੇ ਹੀ ਮੌਤ ਹੋ ਗਈ ਜਦਕਿ ਪ੍ਰਤੀਕ ਨੂੰ ਹੈਲੀਕਾਪਟਰ ਤੋਂ ਹਸਪਤਾਲ ਲਿਜਾਇਆ ਗਿਆ ਜਿੱਥੇ ਬਾਅਦ ਵਿੱਚ ਉਸ ਦੀ ਵੀ ਮੌਤ ਹੋ ਗਈ। ਹਾਦਸੇ ਤੋਂ ਬਾਅਦ ਜਹਾਜ਼ ਵਿੱਚ ਨਾ ਤਾਂ ਅੱਗ ਲੱਗੀ ਅਤੇ ਨਾ ਹੀ ਕੋਈ ਨੁਕਸਾਨ ਪਹੁੰਚਿਆ। ਹਾਦਸੇ ਦੇ ਕਾਰਨਾਂ ਦੀ ਜਾਂਚ ਚਲ ਰਹੀ ਹੈ। ਇੰਡੀਅਨ ਅਮਰੀਕਨ ਫਰੈਂਡਸ਼ਿਪ ਕੌਂਸਲ ਦੇ ਜਨਰਲ ਸਕੱਤਰ ਪ੍ਰਸਾਦ ਥੋਟਾਕੁਰਾ ਨੇ ਕਿਹਾ ਕਿ ਕ੍ਰਾਤਿਕ ਅਤੇ ਪ੍ਰਤੀਕ ਦੇ ਮਾਤਾ-ਪਿਤਾ ਡਲਾਸ ਪਹੁੰਚ ਚੁੱਕੇ ਹਨ ਅਤੇ ਅੱਜ ਇੱਥੇ ਪਹੁੰਚ ਜਾਣਗੇ। ਉਹਨਾਂ ਕਿਹਾ ਕਿ ਮਾਤਾ-ਪਿਤਾ ਦੋਵੇਂ ਦੀਆਂ ਲਾਸ਼ਾਂ ਨੂੰ ਬੰਗਲੌਰ ਲਿਜਾਉਣੇ ਚਾਹੁੰਦੇ ਹਨ।

## ਨਵੀਂ ਮੀਡੀਆ ਨੀਤੀ ਵਿੱਚ ਕੋਈ ਨਵਾਂ ਐਲਾਨ ਨਹੀਂ

☛ ਪੰਜਾਬ ਵਰਕਿੰਗ ਜਰਨਲਿਸਟ ਯੂਨੀਅਨ ਵੱਲੋਂ ਨਵੀਂ ਐਕਰਾਡੀਸ਼ਨ ਕਮੇਟੀ ਦੀ ਬਣਤਰ ਰੱਦ ☛ ਐਕਟ ਵਿੱਚ ਸੋਧ ਦੀ ਮੰਗ

ਬੱਦਲ ਗਰਜੇ ਜ਼ਿਆਦਾ, ਵਰ੍ਹੇ ਘੱਟ



ਜਲੰਧਰ, 16 ਜੁਲਾਈ (ਹਰਪ੍ਰੀਤ ਸਿੰਘ ਲੇਹਿਲ)-ਪੰਜਾਬ ਵਰਕਿੰਗ ਜਰਨਲਿਸਟ ਯੂਨੀਅਨ ਨੇ ਪੰਜਾਬ ਸਰਕਾਰ ਵੱਲੋਂ ਐਲਾਨੀ ਨਵੀਂ ਮੀਡੀਆ ਪਾਲਸੀ ਤੇ ਮੀਡੀਆ ਐਕਰਾਡੀਸ਼ਨ ਕਮੇਟੀ ਨੂੰ ਰੱਦ ਕਰ ਦਿੱਤਾ ਹੈ ਅਤੇ ਕਿਹਾ ਹੈ ਕਿ ਇਸ ਨਾਲ ਨਾ ਤਾਂ ਮਿਆਰੀ ਪੱਤਰਕਾਰੀ ਦਾ ਵਿਕਾਸ ਹੋਵੇਗਾ ਤੇ ਨਾ ਹੀ ਪੱਤਰਕਾਰਾਂ ਨੂੰ ਕੋਈ ਠੋਸ ਸਹੂਲਤ ਮਿਲ ਸਕੇਗੀ। ਯੂਨੀਅਨ ਦੇ ਪ੍ਰਧਾਨ ਤੇਜਿੰਦਰ ਸਿੰਘ ਕੋਹਲੀ ਨੇ ਕਿਹਾ ਕਿ ਮੀਡੀਆ ਪਾਲਸੀ ਵਿੱਚ ਐਲਾਨੀਆਂ ਗਈਆਂ ਸਾਰੀਆਂ ਸਹੂਲਤਾਂ ਪੁਰਾਣੀਆਂ ਹਨ। ਸਰਕਾਰੀ ਬੱਸਾਂ ਵਿੱਚ ਮੁਫਤ ਸਫਰ ਤੇ ਸਰਕਾਰੀ ਗੈਸਟ-ਸਰਕਟ ਹਾਊਸਾਂ ਵਿੱਚ ਠਹਿਰਣ ਦੀ ਸਹੂਲਤ ਪਹਿਲਾਂ ਹੀ ਪੱਤਰਕਾਰਾਂ ਨੂੰ ਮਿਲ ਰਹੀ ਹੈ। ਪੱਤਰਕਾਰਾਂ ਨੂੰ ਟੋਲ ਟੈਕਸ ਤੋਂ ਛੋਟ ਦੇਣ ਬਾਰੇ ਵੀ ਕੋਈ ਠੋਸ ਨਿਰਨਾ ਨਹੀਂ ਲਿਆ ਗਿਆ। ਇਸ ਤੋਂ ਇਲਾਵਾ ਪ੍ਰੈੱਸ ਐਕਰਾਡੀਸ਼ਨ ਲਈ ਬਣਾਏ ਗਏ ਨਵੇਂ ਨਿਯਮਾਂ ਵਿੱਚ ਵੀ ਕੋਈ ਸੋਧ ਨਹੀਂ ਕੀਤੀ ਗਈ। ਅਗਰ ਐਕਰਾਡੀਸ਼ਨ ਕਮੇਟੀ ਜਾਂ ਸਰਕਾਰ ਕਿਸੇ ਪੱਤਰਕਾਰ ਦੀ ਐਕਰਾਡੀਸ਼ਨ ਰੱਦ ਕਰਦੀ ਹੈ ਤਾਂ ਉਹ ਪੱਤਰਕਾਰ ਉਸ ਫੈਸਲੇ ਵਿਰੁੱਧ ਕਿਸੇ ਵੀ ਅਦਾਲਤ ਵਿੱਚ ਅਪੀਲ ਨਹੀਂ ਕਰ ਸਕੇਗਾ, ਅਜਿਹੀਆਂ ਸ਼ਰਤਾਂ ਲਾਗੂ ਰੱਖਣ ਤੋਂ ਸਾਫ ਜ਼ਾਹਰ ਹੈ ਕਿ ਸਰਕਾਰ ਪੱਤਰਕਾਰਿਤਾ 'ਤੇ ਕੰਟਰੋਲ ਕਰਨਾ ਚਾਹੁੰਦੀ ਹੈ। ਅਗਰ ਫਾਂਸੀ ਦੀ ਸਜ਼ਾ ਵਿਰੁੱਧ ਅਦਾਲਤ ਵਿੱਚ ਅਪੀਲ ਹੋ ਸਕਦੀ ਹੈ ਤਾਂ ਮਾਨਤਾ ਰੱਦ ਹੋਣ ਵਿਰੁੱਧ ਕਿਉਂ ਨਹੀਂ? ਇਸ ਤੋਂ ਇਲਾਵਾ ਐਕਰਾਡੀਸ਼ਨ ਐਕਟ ਵਿੱਚ ਇਸ਼ਤਿਹਾਰ ਇਕੱਠੇ ਕਰਨ ਵਾਲੇ ਪੱਤਰਕਾਰਾਂ ਬਾਰੇ ਵੀ ਸਪੱਸ਼ਟ ਨੀਤੀ ਨਹੀਂ ਦੱਸੀ ਗਈ, ਜਦੋਂ ਕਿ ਪਹਿਲੇ ਨਿਯਮਾਂ ਵਿੱਚ ਸਪੱਸ਼ਟ ਦਰਜ ਸੀ ਕਿ ਇਸ਼ਤਿਹਾਰ ਇੱਕਠੇ ਕਰਨ ਵਾਲਿਆਂ ਨੂੰ ਐਕਰਾਡੀਸ਼ਨ ਨਹੀਂ ਮਿਲੇਗੀ। ਯੂਨੀਅਨ ਦੇ ਪ੍ਰਧਾਨ ਤੇਜਿੰਦਰ ਸਿੰਘ ਕੋਹਲੀ ਨੇ ਵਰਕਿੰਗ ਕਮੇਟੀ ਦੇ ਫੈਸਲੇ ਮੁਤਾਬਕ ਮੰਗ ਦੋਹਰਾਈ ਕਿ ਐਕਰਾਡੀਸ਼ਨ ਨਿਯਮਾਂ ਵਿੱਚੋਂ ਅਦਾਲਤ ਵਿੱਚ ਅਪੀਲ ਨਾ ਕਰ ਸਕਣ ਦੀ ਮੱਦ ਖਤਮ ਹੋਣੀ ਚਾਹੀਦੀ ਹੈ ਅਤੇ ਨਿਯਮਾਂ ਵਿੱਚ ਹੋਰ ਸੋਧਾਂ ਕਰਨ ਲਈ ਪੱਤਰਕਾਰਾਂ ਦੀ ਵੱਖਰੀ ਕਮੇਟੀ ਬਣਾਉਣੀ ਚਾਹੀਦੀ ਹੈ। ਉਨ੍ਹਾਂ ਐਕਰਾਡੀਸ਼ਨ ਕਮੇਟੀ ਦੀ ਬਣਤਰ 'ਤੇ ਵੀ ਸਖਤ ਇਤਰਾਜ ਕੀਤਾ ਕਿ ਇਸ ਵਿੱਚ ਅੱਧਿਓਂ ਬਹੁਤੇ ਮੈਂਬਰ ਕੇਂਦਰੀ ਪ੍ਰਬੰਧਕ ਇਲਾਕ ਚੰਡੀਗੜ੍ਹ ਦ ਪਾ ਦਿਤੇ ਗਏ ਹਨ, ਜਦੋਂ ਕਿ ਪੰਜਾਬ ਦੇ 17 ਜ਼ਿਲ੍ਹਿਆਂ ਨੂੰ ਕਮੇਟੀ ਵਿੱਚ ਕੋਈ ਪ੍ਰਤੀਨਿਧਤਾ ਨਹੀਂ ਦਿੱਤੀ ਗਈ। ਪੰਜਾਬ ਵਰਕਿੰਗ ਜਰਨਲਿਸਟ ਯੂਨੀਅਨ ਨੂੰ ਵੀ ਯੋਗ ਪ੍ਰਤੀਨਿਧਤਾ ਵੀ ਨਹੀਂ ਦਿੱਤੀ ਗਈ। ਉਪਰੋਕਤ ਮਾਮਲਿਆਂ 'ਤੇ ਵਿਚਾਰ ਕਰਨ ਲਈ ਤੇਜਿੰਦਰ ਸਿੰਘ ਕੋਹਲੀ ਨੇ ਅਗਸਤ ਮਹੀਨੇ ਦੇ ਪਹਿਲੇ ਹਫਤੇ ਜਲੰਧਰ ਵਿੱਚ ਯੂਨੀਅਨ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਸੱਦੀ ਹੈ।

## ਸੀਨੀਅਰ ਅਕਾਲੀ ਆਗੂ ਸ. ਸੁਖਜਿੰਦਰ ਸਿੰਘ ਨਮਿਤ ਸ਼ਰਧਾਂਜਲੀ ਸਮਾਰੋਹ 18 ਨੂੰ

ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ ਅਤੇ ਰੋਜ਼ਾਨਾ 'ਅੱਜ ਦੀ ਆਵਾਜ਼' ਦੇ ਸੰਪਾਦਕ ਸ. ਬਲਜੀਤ ਸਿੰਘ ਬਰਾੜ ਵੱਲੋਂ ਸ. ਸੁਖਪਾਲ ਸਿੰਘ ਖਹਿਰਾ ਨਾਲ ਦੁੱਖ ਦਾ ਪ੍ਰਗਟਾਵਾ

ਜਲੰਧਰ, 16 ਜੁਲਾਈ (ਹਰਪ੍ਰੀਤ ਸਿੰਘ ਲੇਹਿਲ)-ਸੀਨੀਅਰ ਅਕਾਲੀ ਆਗੂ ਅਤੇ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਸ. ਸੁਖਜਿੰਦਰ ਸਿੰਘ ਜੋ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਦੇ ਵਿਛੋੜੇ ਦਾ ਦੁੱਖ ਸਾਂਝਾ ਕਰਨ ਲਈ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ ਅਤੇ 'ਅੱਜ ਦੀ ਆਵਾਜ਼' ਦੇ ਸੰਪਾਦਕ ਸ. ਬਲਜੀਤ ਸਿੰਘ ਬਰਾੜ ਵਿਸ਼ੇਸ਼ ਤੌਰ 'ਤੇ ਕਰਤਾਰਪੁਰ ਨੇੜੇ ਪਿੰਡ ਰਾਮਗੜ੍ਹ ਵਿਖੇ ਪੁੱਜੇ। ਉਨ੍ਹਾਂ ਨੇ ਸ. ਸੁਖਜਿੰਦਰ ਸਿੰਘ ਹੋਰਾਂ ਦੇ ਸਪੁੱਤਰ ਸੀਨੀਅਰ ਕਾਂਗਰਸੀ ਆਗੂ ਅਤੇ ਵਿਧਾਇਕ ਸ. ਸੁਖਪਾਲ ਸਿੰਘ ਖਹਿਰਾ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਹੋਰਾਂ ਨੇ ਸ. ਸੁਖਜਿੰਦਰ ਸਿੰਘ ਹੋਰਾਂ ਦੀਆਂ ਪੰਥਕ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਆਪਣੇ ਨਿੱਜੀ ਹਿੱਤ ਕੁਰਬਾਨ ਕਰਕੇ ਪੰਥਕ ਹਿੱਤਾਂ ਦੀ ਰਾਖੀ ਕੀਤੀ। ਸਿੰਘ ਸਾਹਿਬ ਹੋਰਾਂ ਨੇ ਇਹ ਵੀ ਕਿਹਾ ਕਿ ਸ. ਸੁਖਜਿੰਦਰ ਸਿੰਘ ਹੋਰਾਂ ਦਾ ਉਨ੍ਹਾਂ ਦੇ ਪਰਿਵਾਰ ਨਾਲ ਨਿੱਜੀ ਸਬੰਧ ਸੀ ਅਤੇ ਸਮੇਂ-ਸਮੇਂ 'ਤੇ ਉਹ ਪੰਥਕ ਮਸਲਿਆਂ ਨੂੰ ਹੱਲ ਕਰਨ ਲਈ ਇਕ ਦੂਸਰੇ ਨਾਲ ਸਲਾਹ-ਮਸ਼ਵਰਾ ਵੀ ਕਰ ਲਿਆ ਕਰਦੇ ਸਨ। ਸਿੰਘ ਸਾਹਿਬ ਭਾਈ ਜਸਵੀਰ ਸਿੰਘ ਹੋਰਾਂ ਨੇ ਰੋਜ਼ਾਨਾ 'ਅੱਜ ਦੀ ਆਵਾਜ਼' ਦਾ ☛(ਬਾਕੀ ਸਫਾ 2 'ਤੇ)